## ਭਗਤ ਬੇਣੀ - ਸਬਦ ੩

### ਤਨਿ ਚੰਦਨੁ ਮਸਤਕਿ ਪਾਤੀ ॥

ਰਾਗੁ ਪ੍ਰਭਾਤੀ, ਭਗਤ ਬੇਣੀ, ਗੁਰੂ ਗ੍ਰੰਥ ਸਾਹਿਬ, ੧੩੫੧

ਤਨਿ ਚੰਦਨੁ ਮਸਤਕਿ ਪਾਤੀ ॥
ਰਿਦ ਅੰਤਰਿ ਕਰ ਤਲ ਕਾਤੀ ॥
ਠਗ ਦਿਸਟਿ ਬਗਾ ਲਿਵ ਲਾਗਾ ॥
ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥੧॥
ਕਲਿ ਭਗਵਤ ਬੰਦ ਚਿਰਾਂਮੰ ॥
ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥੧॥ ਰਹਾਉ ॥
ਨਿਤਪ੍ਰਤਿ ਇਸਨਾਨੁ ਸਰੀਰੰ ॥
ਦੁਇ ਧੋਤੀ ਕਰਮ ਮੁਖਿ ਖੀਰੰ ॥
ਰਿਦੈ ਛੁਰੀ ਸੰਧਿਆਨੀ ॥
ਪਰ ਦਰਬੁ ਹਿਰਨ ਕੀ ਬਾਨੀ ॥੨॥
ਸਿਲ ਪੂਜਸਿ ਚਕ੍ਰ ਗਣੇਸੰ ॥
ਨਿਸਿ ਜਾਗਸਿ ਭਗਤਿ ਪ੍ਰਵੇਸੰ ॥
ਪਗ ਨਾਚਸਿ ਚਿਤੁ ਅਕਰਮੰ ॥
ਏ ਲੰਪਟ ਨਾਚ ਅਧਰਮੰ ॥੩॥
ਮ੍ਰਿਗ ਆਸਣੁ ਤੁਲਸੀ ਮਾਲਾ ॥
ਕਰ ਊਜਲ ਤਿਲਕੁ ਕਪਾਲਾ ॥
ਰਿਦੈ ਕੂੜੁ ਕੰਠਿ ਰੁਦ੍ਰਾਖੰ ॥
ਰੇ ਲੰਪਟ ਕ੍ਰਿਸਨੁ ਅਭਾਖੰ ॥੪॥
ਜਿਨਿ ਆਤਮ ਤਤੁ ਨ ਚੀਨ੍ਹਿਆ ॥
ਸਭ ਫੋਕਟ ਧਰਮ ਅਬੀਨਿਆ ॥

ਕਹੁ ਬੇਣੀ ਗੁਰਮੁਖਿ ਧਿਆਵੈ ॥
ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥

ਸਾਰ: ਇਕ ਸੂਖਮ ਬੇਚੈਨੀ ਤਦ ਉਤਪੰਨ ਹੁੰਦੀ ਹੈ ਜਦੋਂ ਬਾਹਰੀ ਦਿੱਖ ਅੰਤਰੀਵੀ ਵਿਰੋਧਾਂ ਨੂੰ ਕੱਜਣਾ ਸ਼ੁਰੂ ਕਰ ਦਿੰਦੀ ਹੈ। ਪਵਿੱਤਰ ਚਿੰਨ੍ਹ ਅਤੇ ਰਸਮਾਂ ਨਿਰਮਲਤਾ ਦਾ ਪ੍ਰਭਾਵ ਤਾਂ ਪੈਦਾ ਕਰ ਸਕਦੇ ਹਨ, ਪਰ ਜਿਸ ਜਾਗਰੂਕਤਾ ਨੂੰ ਪ੍ਰੇਰਿਤ ਕਰਨ ਲਈ ਇਹ ਕੀਤੀਆਂ ਜਾਂਦੀਆਂ ਹਨ, ਇਹ ਉਸ ਦੀ ਕੋਮਲ ਸਪਸ਼ਰਸਤਾ ਵੀ ਪ੍ਰਾਪਤ ਨਹੀਂ ਕਰ ਪਾਉਂਦੀਆਂ। ਇਹ ਤਣਾਅ ਬਾਹਰੀ ਦਿਖਾਵੇ ਅਤੇ ਅੰਤਰੀਵੀ ਅੰਤਹਕਰਣ ਦੇ ਵਿਚਕਾਰ ਵੱਸਦਾ ਹੈ, ਜਿੱਥੇ ਸ਼ਰਧਾ ਸਿਰਫ਼ ਬਣਾਵਟੀ ਰੂਪ ਤੱਕ ਹੀ ਸੀਮਤ ਰਹਿ ਜਾਂਦੀ ਹੈ, ਜਦਕਿ ਦਇਆ ਅਤੇ ਅਸਲ ਰੁਪਾਂਤ੍ਰਣ ਤੋਂ ਇਹ ਕੋਹਾਂ ਦੂਰ ਰਹਿੰਦੀ ਹੈ। ਅਸਲ ਪਵਿੱਤਰਤਾ ਤਦੋਂ ਪ੍ਰਗਟ ਹੁੰਦੀ ਹੈ ਜਦੋਂ ਪ੍ਰਤੀਕਾਂ ਅਤੇ ਰਸਮਾਂ ਨੂੰ ਜੀਵਨ ਰੂਪੀ ਅਨੁਭਵ ਦਾ ਹਿੱਸਾ ਬਣਾਇਆ ਜਾਂਦਾ ਹੈ, ਅਤੇ ਜਾਗਰੂਕਤਾ ਨੂੰ ਜੀਵਨ ਦੀ ਅੰਤਰਸੰਬੰਧਿਤਾ ਨਾਲ ਇਕਸੁਰ ਹੋਣ ਦੀ ਆਗਿਆ ਦਿੱਤੀ ਜਾਂਦੀ ਹੈ। ਰੁਪਾਂਤ੍ਰਣ ਦੀ ਇਸ ਖੇਡ ਵਿਚ ਪਵਿੱਤਰਤਾ ਕੇਵਲ ਸੰਸਾਰ ਅੱਗੇ ਪੇਸ਼ ਕੀਤੀ ਜਾਣ ਵਾਲੀ ਨੁਮਾਇਸ਼ ਰੂਪੀ ਤਸਵੀਰ ਨਹੀਂ ਰਹਿੰਦੀ, ਸਗੋਂ ਅੰਤਹਕਰਣ ਦੀ ਉਹ ਪਾਕ ਅਵਸਥਾ ਬਣ ਜਾਂਦੀ ਹੈ, ਜੋ ਹਾਜ਼ਰਤਾ, ਸੰਵੇਦਨਸ਼ੀਲਤਾ ਅਤੇ ਨੈਤਿਕ ਆਚਰਨ ਰਾਹੀਂ ਪ੍ਰਗਟ ਹੁੰਦੀ ਹੈ। ਅਜਿਹੀ ਅਵਸਥਾ ਵਿਚ ਜਾਗਰੂਕਤਾ ਚੁੱਪਚਾਪ ਆਪਣੇ ਅਸਲ ਸੱਚ ਨਾਲ ਮੁੜ ਇਕਸੁਰ ਹੋ ਜਾਂਦੀ ਹੈ।

ਤਨਿ ਚੰਦਨੁ ਮਸਤਕਿ ਪਾਤੀ ॥
ਸਰੀਰ ਉਪਰ ਚੰਦਨ ਦਾ ਲੇਪ ਕੀਤਾ ਜਾਂਦਾ ਹੈ, ਅਤੇ ਤੁਲਸੀ ਦੇ ਪੱਤੇ ਮੱਥੇ 'ਤੇ ਰੱਖੇ ਜਾਂਦੇ ਹਨ। ਇਹ ਰਸਮ ਨਿਰਮਲਤਾ ਅਤੇ ਪਵਿੱਤਰਤਾ ਦੇ ਬਾਹਰੀ ਪ੍ਰਦਰਸ਼ਨ ਨੂੰ ਦਰਸਾਉਂਦੀ ਹੈ।

ਰਿਦ ਅੰਤਰਿ ਕਰ ਤਲ ਕਾਤੀ ॥
ਫਿਰ ਵੀ ਹਿਰਦੇ ਅੰਦਰ ਕੈਂਚੀ ਚੱਲ ਰਹੀ ਹੈ। ਇਹ ਭਾਵ ਲੁਕੀ ਹੋਈ ਨਕਾਰਾਤਮਕਤਾ ਅਤੇ ਕਪਟੀ ਇਰਾਦੇ ਦਾ ਪ੍ਰਤੀਕ ਹੈ ਜੋ ਬਾਹਰੀ ਤੌਰ 'ਤੇ ਕੋਮਲ ਵਿਵਹਾਰ ਦੇ ਹੇਠਾਂ ਛੁਪਿਆ ਹੁੰਦਾ ਹੈ।

ਠਗ ਦਿਸਟਿ ਬਗਾ ਲਿਵ ਲਾਗਾ ॥

ਕਪਟੀ ਦਾ ਇਰਾਦਾ, ਬਗਲੇ ਦੇ ਧਿਆਨ ਰੂਪੀ ਦਿਖਾਵੇ ਵਾਂਗ ਹੁੰਦਾ ਹੈ। ਇਹ ਭਾਵ ਦਵੈਤ ਨੂੰ ਦਰਸਾਉਂਦਾ ਹੈ, ਜਿਸ ਵਿਚ ਸ਼ਾਂਤੀ ਦਾ ਮਖੌਟ, ਚਲਾਕ ਕਪਟੀ ਸਵਾਰਥੀ ਮਨੋਬਿਰਤੀ ਨੂੰ ਛੁਪਾ ਕੇ ਰੱਖਦਾ ਹੈ।

ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥੧॥

ਭਾਵੇਂ ਇਹ ਬਾਹਰੋਂ ਭਗਤੀ-ਭਾਵ ਨਾਲ ਭਰਿਆ ਹੋਇਆ ਪ੍ਰਤੀਤ ਹੋਵੇ, ਪਰ ਇਸ ਦਾ ਅਸਲ ਸਾਰ ਛਿਨਭੰਗੁਰ ਸ਼ਬਦਾਂ ਵਿਚ ਹੀ ਗੁੰਮ ਹੋ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਰੂਹਾਨੀ ਪਹਿਚਾਣ ਨੂੰ ਕੇਵਲ ਬਾਹਰੀ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ, ਤਾਂ ਦਿਖਾਵਾ, ਖੋਖਲੇ ਬਚਨ ਅਤੇ ਅਣਸੁਲਝੀ ਹਉਮੈਂ ਅੰਤਰੀਵੀ ਜਾਗਰੂਕਤਾ ਨੂੰ ਨਿਰਬਲ ਕਰ ਦਿੰਦੇ ਹਨ। (੧)

ਕਲਿ ਭਗਵਤ ਬੰਦ ਚਿਰਾਂਮੰ ॥

ਬਿਖਮ ਸਮੇਂ ਦੌਰਾਨ ਭਗਤ ਲੰਮੇ ਸਮੇਂ ਤੱਕ ਮੱਥਾ ਟੇਕਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਭਗਤੀ ਪ੍ਰੇਮ ਅਤੇ ਨਿਰਸੁਆਰਥ ਸੰਬੰਧ ਦੀ ਥਾਂ ਲੈਣ-ਦੇਣ ਅਤੇ ਮਕੈਨਿਕੀ ਅਧਾਰ ਉਪਰ ਕੇਂਦਰਿਤ ਹੁੰਦੀ ਹੈ।

ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥੧॥ ਰਹਾਉ ॥

ਨਿਰੰਤਰ ਮੰਦੀ ਨੀਅਤ ਵਿਚ ਡੁੱਬੇ ਹੋਏ, ਉਹ ਅੰਤ ਨਾਸ ਹੋ ਜਾਂਦੇ ਹਨ। ਇਹ ਭਾਵ ਇਸ ਸੂਝ ਨੂੰ ਉਜਾਗਰ ਕਰਦਾ ਹੈ ਕਿ ਜਦੋਂ ਅੰਤਰੀਵੀ ਵਿਗਾੜ ਬਣੇ ਰਹਿੰਦੇ ਹਨ ਅਤੇ ਹਉਮੈਂ ਆਪਣਾ ਅੰਦਰੂਨੀ ਟਕਰਾਅ ਜਾਰੀ ਰੱਖਦੀ ਹੈ, ਤਾਂ ਇਹ ਖੇਡ ਰੂਹਾਨੀਅਤ ਦੇ ਪਤਨ ਦਾ ਕਾਰਨ ਬਣਦੀ ਹੈ। (੧)(ਠਹਿਰਾਉ)

ਨਿਤਪ੍ਰਤਿ ਇਸਨਾਨੁ ਸਰੀਰੰ ॥

ਰੋਜ਼ਾਨਾ ਦੇਹ ਦੀ ਸੁਚਮਤਾ ਦਾ ਖਿਆਲ ਰੱਖਿਆ ਜਾਂਦਾ ਹੈ। ਇਹ ਅਭਿਆਸ ਸਰੀਰਕ ਪੱਧਰ 'ਤੇ ਚੱਲ ਰਹੇ ਅਨੁਸ਼ਾਸਨ ਨੂੰ ਦਰਸਾਉਂਦਾ ਹੈ।

ਦੁਇ ਧੋਤੀ ਕਰਮ ਮੁਖਿ ਖੀਰੰ ॥

ਅੰਤਰੀਵੀ ਅਤੇ ਬਾਹਰੀ ਵਸਤ੍ਰ ਧਾਰਨ ਕਰਨਾ, ਕਰਮ-ਕਾਂਡੀ ਰਸਮਾਂ ਵਿਚ ਭਾਗ ਲੈਣਾ ਅਤੇ ਖੀਰ ਦਾ ਆਨੰਦ ਮਾਣਨਾ। ਇਹ ਭਾਵ ਧਾਰਮਿਕ ਦਿਖਾਵੇ, ਰਸਮਾਂ, ਅਭਿਆਸਾਂ, ਅਤੇ ਬਾਹਰੀ ਅਨੁਸ਼ਾਸਨ ਵੱਲ ਸੰਕੇਤ ਕਰਦਾ ਹੈ, ਤਾਂ ਜੋ ਬਾਹਰੀ ਪੱਧਰ 'ਤੇ ਪਵਿੱਤਰ ਦੀਖਿਆ ਜਾ ਸਕੇ।

ਰਿਦੈ ਛੁਰੀ ਸੰਧਿਆਨੀ ॥

ਹਿਰਦੇ ਅੰਦਰ ਛੁਰੀ ਚਲ ਰਹੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਪਵਿੱਤਰ ਦਿਖਾਈ ਦੇਣ ਵਾਲੇ ਪਲਾਂ ਵਿਚ ਵੀ ਅੰਤਰੀਵੀ ਆਕਰਮਕਤਾ ਕਾਇਮ ਰਹਿੰਦੀ ਹੈ। ਬਾਹਰੋਂ ਪਵਿੱਤਰਤਾ ਦਾ ਦਿਖਾਵਾ ਕੀਤਾ ਜਾਂਦਾ ਹੈ, ਪਰ ਅੰਦਰ ਅੱਤਿਆਚਾਰੀ, ਅਤੇ ਦੂਸਰਿਆਂ ਨੂੰ ਕੋਹਣ ਦੀ ਪ੍ਰਵਿਰਤੀ ਪ੍ਰਬਲ ਹੈ।

ਪਰ ਦਰਬੁ ਹਿਰਨ ਕੀ ਬਾਨੀ ॥੨॥

ਦੂਜਿਆਂ ਦੀਆਂ ਵਸਤਾਂ ਚੋਰੀ ਕਰਨਾ ਇਕ ਆਦਤ ਬਣ ਜਾਂਦੀ ਹੈ। ਇਹ ਭਾਵ ਉਸ ਸ਼ੋਸ਼ਣਕਾਰੀ ਮਨੋਬਿਰਤੀ ਵੱਲ ਇਸ਼ਾਰਾ ਕਰਦਾ ਹੈ ਜੋ ਸਤਿਕਾਰਯੋਗ, ਰੂਹਾਨੀ, ਜਾਂ ਨੇਕ ਦਿਖਾਈ ਦਿੰਦਿਆਂ ਹੋਇਆਂ ਦੂਜਿਆਂ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਕਰਦੀ ਹੈ। (੨)

ਸਿਲ ਪੂਜਸਿ ਚਕ੍ਰ ਗਣੇਸੰ ॥

ਪੱਥਰਾਂ, ਪ੍ਰਤੀਕਾਂ ਅਤੇ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ। ਇਹ ਭਾਵ ਢਾਂਚਾਗਤ ਧਾਰਮਿਕ ਰਸਮਾਂ ਨੂੰ ਦਰਸਾਉਂਦਾ ਹੈ ਜੋ ਬਾਹਰੋਂ ਅਰਥ ਭਰਪੂਰ ਦਿਖਾਈ ਦੇ ਸਕਦੀਆਂ ਹਨ, ਪਰ ਅੰਤਰੀਵੀ ਤੌਰ ਤੇ' ਅਛੂਤ ਅਤੇ ਸੱਖਣੀਆਂ ਹੁੰਦੀਆਂ ਹਨ।

ਨਿਸਿ ਜਾਗਸਿ ਭਗਤਿ ਪ੍ਰਵੇਸੰ ॥

ਰਾਤਾਂ ਜਾਗ ਜਾਗ ਕੇ ਭਗਤੀ ਭਾਵ ਜਗਾਉਣ ਦਾ ਯਤਨ ਕੀਤਾ ਜਾਂਦ-ਹੈ। ਇਹ ਭਾਵ ਉਸ ਧਾਰਨਾ ਨੂੰ ਦਰਸਾਉਂਦਾ ਹੈ ਕਿ ਅਸੀਂ ਧਾਰਮਿਕ ਗਤੀਵਿਧੀਆਂ ਵਿਚ ਨਿੱਠ ਕੇ ਭਾਗ ਲੈਣ ਦੇ ਬਾਵਜੂਦ ਵੀ ਅੰਤਰੀਵੀ ਤੌਰ ਅਬਦਲ ਰਹਿੰਦੇ ਹਾਂ।

ਪਗ ਨਾਚਸਿ ਚਿਤੁ ਅਕਰਮੰ ॥

ਭਗਤੀ ਭਾਵ ਵਿਚ ਪੈਰ ਨੱਚਦੇ ਫਿਰਦੇ ਹਨ, ਪਰ ਮਨ ਹਾਨੀਕਾਰਕ ਪ੍ਰਵਿਰਤੀਆਂ ਵਿਚ ਡੁੱਬਿਆ ਰਹਿੰਦਾ ਹੈ। ਇਹ ਭਾਵ ਉਸ ਗਤੀ ਦਾ ਪ੍ਰਤੀਕ ਹੈ ਜਿਸ ਵਿਚ ਧਾਰਮਿਕ ਪ੍ਰਗਟਾਵਿਆਂ ਦਾ ਦਿਖਾਵਾ ਕੀਤਾ ਜਾਂਦਾ ਹੈ ਪਰ ਆਪਾ ਗੁਣਾਂ ਤੋਂ ਅਤੀਤ ਰਹਿੰਦਾ ਹੈ।

ਏ ਲੰਪਟ ਨਾਚ ਅਧਰਮੰ ॥੩॥

ਅਜਿਹਾ ਕਪਟੀ ਦਿਖਾਵਾ ਅਧਰਮ ਬਣ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਿਨ੍ਹਾਂ ਕਰਮਾਂ ਵਿਚ ਨੇਕ ਇਮਾਨਦਾਰੀ ਦੀ ਘਾਟ ਹੁੰਦੀ ਹੈ, ਉਹ ਸੱਚਾਈ ਤੋਂ ਵੱਖ ਹੋ ਜਾਂਦੇ ਹਨ। (੩)

ਮ੍ਰਿਗ ਆਸਣੁ ਤੁਲਸੀ ਮਾਲਾ ॥

ਹਿਰਨ ਦੀ ਚਮ ਤੋਂ ਬਣਿਆ ਆਸਣ ਅਤੇ ਤੁਲਸੀ ਦੇ ਮਣਕਿਆਂ ਦੀ ਮਾਲਾ। ਇਹ ਧਾਰਮਿਕ ਚਿੰਨ੍ਹ, ਮਰੇ ਹੋਏ ਜਾਨਵਰ ਅਤੇ ਬੇਜ਼ਾਨ ਰੁੱਖ ਤੋਂ ਬਣਾਏ ਗਏ ਹਨ, ਜੋ ਨਾਸ਼ਵਾਨਤਾ ਨੂੰ ਦਰਸਾਉਂਦੇ ਹਨ; ਇਹ ਭਾਵ ਦਰਸਾਉਂਦਾ ਹੈ ਕਿ ਆਪਣੀ ਅਸਥਾਈ ਹੋਂਦ ਨੂੰ ਵਿਸਾਰਣ ਦੇ ਨਾਲ ਅਸਲ ਵਿਚ ਮਾਇਨਾ ਰੱਖਣ ਵਾਲੀਆਂ ਵਸਤਾਂ ਨੂੰ ਵਿਸਾਰ ਦਿੱਤਾ ਜਾਂਦਾ ਹੈ।

ਕਰ ਊਜਲ ਤਿਲਕੁ ਕਪਾਲਾ ॥

ਹੱਥਾਂ ਨੂੰ ਸਾਫ਼ ਕਰ ਕੋਈ ਮੱਥੇ 'ਤੇ ਪਵਿੱਤਰ ਤਿਲਕ ਲਗਾਉਂਦਾ ਹੈ। ਇਹ ਭਾਵ ਉਸ ਮਨ ਨੂੰ ਦਰਸਾਉਂਦਾ ਹੈ ਜੋ ਵਿਚਾਰਾਂ ਦੀ ਨਿਰਮਲਤਾ ਦੀ ਬਜਾਇ ਦਿਖਾਵਟੀ ਪਵਿੱਤਰਤਾ ਨੂੰ ਤਰਜ਼ੀਹ ਦਿੰਦਾ ਹੈ।

ਰਿਦੈ ਕੂੜੁ ਕੰਠਿ ਰੁਦ੍ਰਾਖੰ ॥

ਹਿਰਦ ਵਿਚ ਕਪਟ ਦਾ ਵਾਸਾ ਹੈ ਭਾਵੇਂ ਪਵਿੱਤਰ ਮਣਕੇ ਗਲੇ ਉੱਤੇ ਸਜਾਏ ਹੋਏ ਹਨ। ਇਹ ਭਾਵ ਅੰਤਰੀਵੀ ਸੱਚ ਅਤੇ ਬਾਹਰੀ ਦਿੱਖ ਵਿਚਕਾਰ ਵਿਰੋਧਾਭਾਸ ਦਾ ਪ੍ਰਤੀਕ ਹੈ।

ਰੇ ਲੰਪਟ ਕ੍ਰਿਸਨੁ ਅਭਾਖੰ ॥੪॥

ਹੇ ਕੁੜੱਤਣ ਨਾਲ ਭਰੇ ਵਿਅਕਤੀ, ਤੁਸੀਂ ਵਿਆਪਕ ਚੇਤਨਾ ਬਾਰੇ ਚੁੱਪ ਰਹਿੰਦੇ ਹੋ। ਇਹ ਭਾਵ ਇਕ ਅਜਿਹੀ ਸਥਿਤੀ ਨੂੰ ਪ੍ਰਗਟ ਕਰਦਾ ਹੈ ਜਿਸ ਵਿਚ ਪ੍ਰਤੀਕ, ਰਸਮਾਂ, ਅਗਿਆਨਤਾ ਅਤੇ ਮਾੜੇ ਇਰਾਦੇ ਜੀਵਨ ਦੇ ਤੱਤਸਾਰ ਦੀ ਸੂਝ ਨੂੰ ਢੱਕ ਲੈਂਦੇ ਹਨ। (੪)

ਜਿਨਿ ਆਤਮ ਤਤੁ ਨ ਚੀਨ੍ਹਿਆ ॥

ਜੋ ਚੇਤਨਾ ਦੇ ਤੱਤਸਾਰ ਨੂੰ ਪਛਾਣਨ ਵਿਚ ਅਸਫਲ ਰਹਿੰਦੇ ਹਨ। ਇਹ ਭਾਵ ਸਵੈ-ਚਿੰਤਨ ਅਤੇ ਅੰਤਰੀਵੀ ਅਹਿਸਾਸ ਦੀ ਘਾਟ ਨੂੰ ਦਰਸਾਉਂਦਾ ਹੈ।

ਸਭ ਫੋਕਟ ਧਰਮ ਅਬੀਨਿਆ ॥

ਉਨ੍ਹਾਂ ਦੇ ਸਾਰੇ ਧਾਰਮਿਕ ਕਰਮ ਖੋਖਲੇ ਅਤੇ ਅਧੂਰੇ ਹੀ ਰਹਿ ਜਾਂਦੇ ਹਨ। ਇਹ ਭਾਵ ਧਾਰਮਿਕ ਅਭਿਆਸ ਦੇ ਉਸ ਖਾਲੀਪਣ ਨੂੰ ਦਰਸਾਉਂਦਾ ਹੈ ਜੋ ਸੱਚ ਤੋਂ ਰਹਿਤ ਹੁੰਦਾ ਹੈ।

ਕਹੁ ਬੇਣੀ ਗੁਰਮੁਖਿ ਧਿਆਵੈ ॥

ਬੇਣੀ ਆਖਦੇ ਹਨ ਕਿ ਜੋ ਬਿਬੇਕ ਕੇਂਦਰਿਤ ਹੁੰਦੇ ਹਨ, ਉਹ ਚਿੰਤਨ ਦਾ ਅਭਿਆਸ ਕਰਦੇ ਹਨ। ਇਹ ਭਾਵ ਬਾਹਰੀ ਪ੍ਰਦਰਸ਼ਨਾਂ ਤੋਂ ਅੰਤਰੀਵੀ ਇਕਾਗਰਤਾ ਵੱਲ ਹੋਏ ਬਦਲਾਅ ਨੂੰ ਦਰਸਾਉਂਦਾ ਹੈ, ਜਿਸ ਵਿਚ ਗੁਰਮੁਖ ਦੀ ਪਦਵੀ ਕੋਈ ਧਾਰਮਿਕ ਪਹਿਚਾਣ ਨਾ ਰਹਿ ਕਿ ਬਿਬੇਕ ਵੱਲ ਪਰਤਣ ਦਾ ਰੂਪ ਹੋ ਜਾਂਦੀ ਹੈ, ਜੋ ਹਉਮੈਂ, ਬਣਾਵਟੀ ਦਿੱਖ ਅਤੇ ਥੋਥੀਆਂ ਰਸਮਾਂ ਤੋਂ ਮੁਕਤ ਹੁੰਦੀ ਹੈ।

ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥

ਸੱਚ ਨੂੰ ਆਪਣੇ ਰੂਹਾਨੀ ਰਾਹਨੁਮਾ ਦੇ ਤੌਰ ‘ਤੇ ਅਪਣਾਏ ਬਿਨਾਂ, ਸਵੈ-ਖੋਜ ਦੀ ਯਾਤਰਾ ਲੁਕੀ ਰਹਿੰਦੀ ਹੈ। ਆਪਣੀ ਹੋਂਦ ਦੀ ਸੱਚੀ ਸੂਝ ਆਤਮ-ਚਿੰਤਨ ਰਾਹੀਂ ਉਭਰਦੀ ਹੈ, ਜੋ ਹਉਮੈ ਨੂੰ ਖਤਮ ਕਰਦੀ ਹੈ ਅਤੇ ਸਾਡਾ ਸਰਬਵਿਆਪਕ ਚੇਤਨਾ ਵੱਲ ਮਾਰਗਦਰਸ਼ਨ ਕਰਦੀ ਹੈ। (੫)(੧)

**ਤੱਤ:** ਭਗਤ ਬੇਣੀ ਇਕ ਅਜਿਹੀ ਸਪਸ਼ਟਤਾ ਪ੍ਰਗਟ ਕਰਦੇ ਹਨ ਜੋ ਬਾਹਰੀ ਦਿਖਾਵੇ ਅਤੇ ਉਪਰੀ ਪਰਤਾਂ ਨੂੰ ਚੀਰ ਕੇ ਅੰਤਰੀਵੀ ਸੱਚਾਈ ਨੂੰ ਉਜਾਗਰ ਕਰਦੀ ਹੈ। ਉਹ ਉਸ ਵਿਛੋੜੇ ਵੱਲ ਧਿਆਨ ਦਿਵਾਉਂਦੇ ਹਨ ਜੋ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਅਸੀਂ ਆਪਣੀ ਅੰਤਰੀਵੀ ਇਮਾਨਦਾਰੀ ਤੋਂ ਦੂਰ ਹੋ ਜਾਂਦੇ ਹਾਂ। ਉਹ ਸਾਨੂੰ ਪ੍ਰੇਰਿਤ ਕਰਦੇ ਹਨ ਕਿ ਅਸੀਂ ਇਹ ਵੇਖੀਏ ਕਿ ਕਿਵੇਂ ਸਾਡੀ ਚੇਤਨਾ ਕਈ ਵਾਰ ਅਜਿਹੇ ਰੂਪ ਧਾਰ ਲੈਂਦੀ ਹੈ ਜੋ ਸਾਡੇ ਅਸਲ ਸਰੂਪ ਨਾਲ ਮੇਲ ਨਹੀਂ ਖਾਂਦੇ। ਇਹ ਸੂਝ ਸਾਨੂੰ ਰਸਮਾਂ ਤੋਂ ਸੱਚੀ ਹਾਜ਼ਰਤਾ ਵੱਲ, ਅਤੇ ਨਕਲ ਤੋਂ ਪ੍ਰਮਾਣਿਕ ਪਹਿਚਾਣ ਵੱਲ ਲੈ ਜਾਂਦੀ ਹੈ। ਜੋ ਬੇਚੈਨੀ ਵਾਂਗ ਮਹਿਸੂਸ ਹੁੰਦਾ ਹੈ, ਉਹ ਵੀ ਆਤਮ-ਚਿੰਤਨ ਦਾ ਦਰ ਖੋਲ੍ਹ ਸਕਦਾ ਹੈ ਅਤੇ ਸਾਨੂੰ ਵਧੇਰੇ ਸੱਚ ਅਤੇ ਪ੍ਰਮਾਣਿਕ ਜੀਵਨ ਵੱਲ ਸੇਧਿਤ ਕਰ ਸਕਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**